*ਗੱਲਬਾਤ*

# ਪੰਜਾਬੀ ਕੌਮ ਦਾ ਸੁਆਲ

ਹਜ਼ਾਰਾਂ ਵਰ੍ਹਿਆਂ ਦੇ ਵਿਕਾਸ ਬਾਅਦ ਹੁਣ ਪੰਜਾਬੀ ਕੌਮ ਇਕ ਨਾਜ਼ੁਕ ਮੋੜ ਤੇ ਖੜੀ ਹੈ। ਪੰਜਾਬੀ ਕੌਮ ਦੀ ਹੋਂਦ ਅਤੇ ਵਜੂਦ ਅੱਜ ਇਕ ਸਵਾਲ ਬਣ ਗਈ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚ ਲੋਕ ਇਸ ਦਬਾ ਥੱਲੇ ਹਨ ਕਿ ਉਹ ਪੰਜਾਬੀ ਕੌਮ ਦੀ ਗੱਲ ਨਾ ਕਰਨ ਬਲਕਿ ਮਜ਼ਹਬ ਦੀ ਗੱਲ ਕਰਨ। ਪੰਜਾਬੀ ਕੌਮ ਨੂੰ ਮਜ਼ਹਬ ਦੇ ਆਧਾਰ ਉਤੇ ਵੰਡਣ ਦਾ ਕੰਮ ਅੰਗਰੇਜ਼ ਬਸਤੀਵਾਦੀਆਂ ਨੇ ਸ਼ੁਰੂ ਕੀਤਾ ਸੀ ਤੇ ਉਸਦੇ ਪੈਰੋਕਾਰਾਂ ਨੇ ਇਸ ਨੂੰ ਅੱਗੇ ਵਧਾਇਆ ਤੇ ਜਾਰੀ ਰਖਿਆ ਹੈ। ਇਕ ਕੌਮ ਦੇ ਲੋਕਾਂ ਵਿਚ ਕਿਸੇ ਬੰਦੇ ਦਾ ਧਰਮ ਕੋਈ ਵੀ ਹੋ ਸਕਦਾ ਹੈ ਅਤੇ ਕਿਸੇ ਦੇ ਕੋਈ ਵੀ ਖਿਆਲ ਹੋ ਸਕਦੇ ਹਨ। ਕੌਮ ਅਤੇ ਧਰਮ ਵਿਚ ਟਾਕਰਾ ਕਿਉਂ ਕੀਤਾ ਜਾਂਦਾ ਹੈ? ਵੱਖੋ ਵੱਖਰੇ ਧਰਮਾਂ ਵਿਚ ਯਕੀਨ ਰੱਖਣ ਨਾਲ ਜਾਂ ਨਾ ਰੱਖਣ ਨਾਲ ਕੋਈ ਪੰਜਾਬੀ ਜਾਂ ਗੈਰ-ਪੰਜਾਬੀ ਕਿਸ ਤਰਾਂ ਹੋ ਸਕਦਾ ਹੈ?

ਇਕ ਕੌਮ ਦੇ ਬਣਨ ਲਈ ਹੇਠ ਲਿਖੇ ਮੁਖ ਤੱਤ ਹੁੰਦੇ ਹਨ ਃ

੧)ਇਕ ਆਪਣਾ ਇਲਾਕਾ ਅਤੇ ਖਿੱਤਾ ਹੋਵੇ,
੨)ਖਿਤੇ ਵਿਚ ਪੱਕੇ ਤੌਰ ਤੇ ਵਸਣ ਵਾਲੇ ਲੋਕ ਹੋਣ,
੩)ਇਨ੍ਹਾਂ ਲੋਕਾਂ ਇਕ ਦੀ ਆਪਣੀ ਬੋਲੀ ਹੋਵੇ,
੪)ਇਨ੍ਹਾਂ ਲੋਕਾਂ ਦੀ ਆਪਣੀ ਆਰਥਕਤਾ ਹੋਵੇ,
੫)ਇਨ੍ਹਾਂ ਲੋਕਾਂ ਦਾ ਆਪਣਾ ਵਿਰਸਾ ਹੋਵੇ।

ਇਸ ਤਰ੍ਹਾਂ ਵਿਗਸੀ ਕੌਮ ਵਿਚ ਵਸਦੇ ਲੋਕਾਂ ਦੀਆਂ ਕਈ ਧਿਰਾਂ, ਕਈ ਸਮੂਹ, ਕਈ ਜ਼ਾਤਾਂ, ਕਈ ਜਮਾਤਾਂ ਜਾਂ ਕਈ ਮਜ਼ਹਬ ਵੀ ਹੋ ਸਕਦੇ ਹਨ ਪਰ ਕੌਮ ਸਦਾ ਇਕ ਰਹਿੰਦੀ ਹੈ। ਪੰਜਾਬੀ ਕੌਮ ਦੀ ਇਹ ਬਦਕਿਸਮਤੀ ਹੈ ਕਿ ਇਸਦੇ ਲੋਕਾਂ ਨੂੰ ਧਰਮਾਂ ਦਾ ਨਾਂ ਵਰਤਕੇ ਤੇ ਪਹਿਲਾਂ ਵੀ ਵੰਡਿਆਂ ਗਿਆ ਅਤੇ ਹੁਣ ਵੀ ਦੂਰ ਰੱਖਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਪੰਜਾਬੀ ਕੌਮ ਦੇ ਲੋਕਾਂ ਨੂੰ ਮਜ਼ਹਬ ਅਤੇ ਖਿਆਲਾਂ ਦੇ ਅਧਾਰ ਤੇ ਵੰਡਣ ਅਤੇ ਦੂਰ ਕਰਨ ਵਿਚ ਕਿਸ ਨੂੰ ਫਾਇਦਾ ਅਤੇ ਕਿਸ ਦਾ ਨੁਕਸਾਨ ਹੈ? ਇਸਦਾ ਨੁਕਸਾਨ ਸਾਰੇ ਹੀ ਪੰਜਾਬੀਆਂ ਨੂੰ ਹੈ ਅਤੇ ਫਾਇਦਾ ਪੰਜਾਬੀ ਕੌਮ ਦੇ ਸਿਰਫ਼ ਕੁਝ ਗੱਦਾਰਾਂ ਅਤੇ ਲੋਟੂਆਂ ਨੂੰ ਹੀ ਹੈ। ਮਿਸਾਲ ਦੇ ਤੌਰ ਤੇ ਚੜ੍ਹਦੇ ਪੰਜਾਬ ਵਿਚ ਅੱਜ ਤਾਂਈ ਜਿਹੜੀ ਵੀ ਸਰਕਾਰ ਬਣੀ ਹੈ ਉਹ ਦਿੱਲੀ ਦੇ ਹਾਕਮਾਂ ਦਾ ਹੱਥਠੋਕਾ ਹੀ ਰਹੀ ਹੈ ਅਤੇ ਇਸਨੇ ਪੰਜਾਬੀਆਂ ਦੇ ਕੌਮੀ ਹੱਕਾਂ ਤੇ ਸਦਾ ਸੱਟ ਮਾਰੀ ਹੈ। ਪੰਜਾਬ ਦੇ ਹਾਕਮਾਂ ਨੇ ਪੰਜਾਬੀ ਕੌਮ ਅਤੇ ਪੰਜਾਬੀ ਲੋਕਾਂ ਦਾ ਕੁਝ ਨਹੀਂ ਸੁਆਰਿਆ ਬਲਕਿ ਪੰਜਾਬ ਦਾ ਭੱਠਾ ਬਠਾਇਆ ਹੈ। ਹਾਂ, ਆਪ ਇਨ੍ਹਾਂ ਨੇ ਬਥੇਰੀ ਦੌਲਤ ਕੱਠੀ ਕੀਤੀ ਹੈ ਅਤੇ ਕੇਂਦਰੀ ਸਰਕਾਰ ਦੀ ਪੰਜਾਬ ਦੇ ਖਿਲਾਫ ਹਰ ਸਾਜਿਸ਼ ਵਿਚ ਮੂਹਰੇ ਹੋਕੇ ਹਿੱਸਾ ਪਾਇਆ ਹੈ। ਆਪਣੇ ਮੁਨਾਫਿਆਂ ਲਈ ਇਨ੍ਹਾਂ ਨੇ ਪੰਜਾਬੀ ਕੌਮ ਅਤੇ ਲੋਕਾਂ ਨੂੰ ਵੋਟਰਾਂ ਦਾ ਇਕ ਇੱਜੜ ਸਮਝਕੇ ਵਰਤਿਆ ਹੈ। ਪੰਜਾਬ ਦੀ ਵੰਡ ਦੇ ਬਾਅਦ ਮਰਦਮ-ਸ਼ੁਮਾਰੀ ਵੇਲੇ ਪੂਰਬੀ ਪੰਜਾਬ ਵਿਚ ਇਹ ਪ੍ਰਚਾਰ ਕੀਤਾ ਗਿਆ ਕਿ ਹਿੰਦੂਆਂ ਨੂੰ ਕਾਗਜ਼ਾਂ ਵਿਚ ਆਪਣੀ ਮਾਂ ਬੋਲੀ ਹਿੰਦੀ ਲਿਖਾਉਣੀ ਚਾਹੀਦੀ ਹੈ ਕਿਓਂਕਿ ਹਿੰਦੂ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਹੋਣ ਕਰਕੇ ਉਨ੍ਹਾਂ ਦੀ ਬੋਲੀ ਹਿੰਦੀ ਹੈ ਅਤੇ ਕੌਮ ਹਿੰਦੂ ਹੈ ਅਤੇ ਪੰਜਾਬੀ ਸਿਰਫ਼ ਸਿੱਖਾਂ ਦੀ ਜ਼ਬਾਨ ਹੈ। ਪਰ ਕਿਸੇ ਕੌਮ ਦਾ ਆਧਾਰ ਧਰਮ ਕਿਸ ਤਰ੍ਹਾਂ ਹੋ ਸਕਦਾ ਹੈ? ਇਕ ਪੰਜਾਬੀ ਨੂੰ ਇਹ ਸਵਾਲ ਪੁਛਣਾਂ ਕਿ ਉਹਦੀ ਮਾਂ-ਬੋਲੀ ਕੀ ਹੈ, ਕੀ ਇਕ ਸ਼ਰਾਰਤੀ ਸਵਾਲ ਨਹੀਂ ਸੀ? ਪੰਜਾਬ ਵਿਚ ਇਹ ਘਟੀਆ ਪ੍ਰਚਾਰ ਕਾਂਗਰਸ ਪਾਰਟੀ ਨੇ ਕੇਂਦਰੀ ਸਰਕਾਰ ਦੇ ਇਸ਼ਾਰੇ ਤੇ ਪੰਜਾਬੀ ਕੌਮ ਉਤੇ ਇਕ ਹੋਰ ਸੱਟ ਮਾਰਨ ਲਈ ਹੀ ਕੀਤਾ ਸੀ। ਸਿੱਖ ਧਰਮ ਨੂੰ ਮੰਨਣ ਵਾਲਿਆਂ ਤੇ ਵੀ ਇਹੋ ਜਿਹਾ ਹੀ ਦਬਾਅ ਪਾਇਆ ਜਾਂਦਾ ਰਿਹਾ ਹੈ। ੧੯੬੬ ਵਿਚ ਭਾਸ਼ਾ ਦੇ ਨਾ ਤੇ ਪੰਜਾਬ ਨੂੰ ਤਿੰਨ ਹਿਸਿਆਂ ਵਿਚ ਵੰਡ ਦਿਤਾ ਗਿਆ। ਇਸ ਵੰਡ ਨੇ ੧੯੪੭ ਵਾਂਗ ਹੀ ਪੰਜਾਬੀ ਕੌਮ ਨੂੰ ਵੱਡਾ ਨੁਕਸਾਨ ਪਹੁੰਚਾਇਆ। ਹੁਣ ਫਿਰ ਪੰਜਾਬੀਆਂ ਨੂੰ ਧਰਮ ਦੇ ਨਾਂ ਤੇ ਵੰਡਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹਿਆਂ ਹਨ। ਕਾਂਗਰਸ, ਅਕਾਲੀ, ਖ਼ਾਲਿਸਤਾਨੀ ਅਤੇ ਹੋਰ ਲੋਟੂਆਂ ਦੀਆਂ ਧਿਰਾਂ ਕੇਂਦਰੀ ਸਰਕਾਰ ਦੀ ਇਸ ਘਿਨੌਣੀ ਸ਼ਰਾਰਤ ਵਿਚ ਪੂਰਾ ਹਿੱਸਾ ਪਾ ਰਹੀਆਂ ਹਨ ਅਤੇ ਪੰਜਾਬੀਆਂ ਨੂੰ ਮਜ਼ਹਬ ਦੇ ਆਧਾਰ ਉਤੇ ਪਾੜਨ ਤੇ ਦੂਰ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ।

ਲਹਿੰਦੇ ਪੰਜਾਬ ਵਿਚ ਵੀ ਇਹੋ ਹਾਲ ਹੈ ਜਿਥੇ ਪੰਜਾਬੀ ਕੌਮ ਨੂੰ ਇਕ ਢੱਗਿਆਂ ਦੀ ਕੌਮ ਹੋਣ ਦਾ ਦਰਜਾ ਦੇ ਦਿਤਾ ਗਿਆ ਹੈ। ਪੰਜਾਬੀ ਬੋਲੀ ਅਤੇ ਤਹਜ਼ੀਬ ਨੂੰ ਘਟੀਆ ਅਤੇ ਨੀਵਾਂ ਦੱਸਕੇ ਪੰਜਾਬੀਆਂ ਨੂੰ ਮਜਬੂਰ ਕੀਤਾ ਜਾ ਰਿਹਾ ਹੈ ਕਿ ਉਹ ਆਪਣੀ ਕੌਮ ਅਤੇ ਕੌਮੀ ਵਜੂਦ, ਆਪਣੀ ਮਾਂ ਬੋਲੀ ਅਤੇ ਸਭਿਆਚਾਰ ਤੋਂ ਮੁਨਕਰ ਹੋ ਜਾਣ। ਪੰਜਾਬੀ ਮੁਸਲਮਾਨਾਂ ਉਤੇ ਇਹ ਦਬਾਅ ਵੀ ਹੈ ਕਿ ਕਿਉਂਕਿ ਉਨ੍ਹਾਂ ਦਾ ਧਰਮ ਮੁਸਲਮਾਨ ਹੈ ਇਸ ਕਰਕੇ ਉਨ੍ਹਾਂ ਦੀ ਕੌਮ ਪੰਜਾਬੀ ਨਹੀਂ, ਉਨ੍ਹਾਂ ਦੀ ਕੌਮ ਬਦਲ ਗਈ ਹੈ ਅਤੇ ਕੁਝ ਹੋਰ ਹੋ ਗਈ ਹੈ। ਇਸ ਕਰਕੇ ਉਨ੍ਹਾਂ ਨੂੰ ਪੰਜਾਬੀ ਬੋਲੀ ਅਤੇ ਵਿਰਸਾ ਛੱਡ ਦੇਣਾ ਚਾਹੀਦਾ ਹੈ।

ਕਿਸੇ ਕੌਮ ਨੂੰ ਪ੍ਰਫੁਲਤ ਹੋਣ ਲਈ ਉਸਨੂੰ ਆਪਣੇ ਅਦਾਰੇ, ਆਪਣੀ ਆਰਥਕਤਾ, ਆਪਣੀ ਬੋਲੀ, ਆਪਣੇ ਦਰਸ਼ਨ, ਆਪਣੇ ਕੁਦਰਤੀ ਸੋਮਿਆਂ, ਅਤੇ ਆਪਣੀ ਕਿਸਮਤ ਦੇ ਫੈਸਲੇ ਆਪ ਕਰਨ ਦੀ ਲੋੜ ਹੁੰਦੀ ਹੈ। ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿਚ

ਪੰਜਾਬੀਆਂ ਨੂੰ ਇਹ ਹੱਕ ਹਾਸਿਲ ਨਹੀਂ ਹੈ। ਜਦੋਂ ਵੀ ਪੰਜਾਬੀ ਕੌਮ ਦੀ ਗੱਲ ਛਿੜਦੀ ਹੈ ਤਾਂ ਇਕ ਸਵਾਲ ਉਠਾਇਆ ਜਾਣ ਲੱਗ ਪੈਂਦਾ ਹੈ ਕਿ ਇਸ ਨਾਲ ਮੌਜੂਦਾ ਸਰਹੱਦਾਂ ਨੂੰ ਖਤਰਾ ਹੋ ਸਕਦਾ ਹੈ। ਇਹ ਦਲੀਲ ਕੋਈ ਵਜ਼ਨਦਾਰ ਦਲੀਲ ਨਹੀਂ ਹੈ। ਪੰਜਾਬੀ ਕੌਮ ਆਪਣੇ ਹੱਕ ਮੌਜੂਦਾਂ ਸਰਹਦਾਂ ਵਿਚ ਰਹਿਕੇ ਵੀ ਹਾਸਿਲ ਕਰ ਸਕਦੀ ਹੈ। ਸਰਹਦਾਂ ਨੂੰ ਖ਼ਤਰੇ ਦੀ ਗੱਲ ਹਾਕਿਮ ਜਮਾਤਾਂ ਇਸ ਮਸਲੇ ਨੂੰ ਗੰਧਲਾਉਣ ਲਈ ਛੇੜਦੀਆਂ ਹਨ। ਸਰਹੱਦ ਨੂੰ ਇਸ ਗੱਲ ਨਾਲ ਕੀ ਖਤਰਾ ਹੋ ਸਕਦਾ ਹੈ ਕਿ ਦੋਵੇਂ ਪਾਸੇ ਪੰਜਾਬੀ ਅਤੇ ਹੋਰ ਲੋਕ ਪ੍ਰਫੁਲਤ ਅਤੇ ਖੁਸ਼ਹਾਲ ਹੋਣ? ਆਖਿਰਕਾਰ ਸਾਰੀਆਂ ਹੀ ਸਰਕਾਰਾਂ ਵੀ ਇਹੋ ਹੀ ਦਾਅਵੇ ਤਾਂ ਕਰਦੀਆਂ ਹਨ ਕਿ ਉਹ ਲੋਕਾਂ ਦੀ ਖੁਸ਼ਹਾਲੀ ਹੀ ਚਾਹੁੰਦੀਆਂ ਹਨ? ਫਿਰ ਪੰਜਾਬੀ ਕੌਮ ਦੀ ਖੁਸ਼ਹਾਲੀ ਅਤੇ ਪ੍ਰਫੁਲਤਾ ਸਰਹੱਦ ਨੂੰ ਖਤਰਾ ਕਿਵੇਂ ਪੈਦਾ ਕਰ ਸਕਦੀ ਹੈ? ਪੰਜਾਬੀ ਕੌਮ ਦੀ ਗੱਲ ਸੁਣਦੇ ਹੀ ਹਿੰਦੁਸਤਾਨ ਦੇ ਹਾਕਿਮ ਫੌਰਨ ਹੀ ਮੁਲਕ ਦੀ ਏਕਤਾ ਅਤੇ ਅਖੰਡਤਾ ਨੂੰ ਖਤਰੇ ਦੀ ਗੱਲ ਕਰਨ ਲੱਗ ਪੈਂਦੇ ਹਨ। ਇਹ ਕਿਹਾ ਜਾਂਦਾ ਹੈ ਕਿ ਜੇ ਪੰਜਾਬੀ ਕੌਮ ਆਪਣੇ ਹੱਕਾਂ ਦੀ ਗੱਲ ਕਰਨ ਲੱਗ ਪਈ ਤਾਂ ਹਿੰਦੁਸਤਾਨ ਦੇ ਟੋਟੇ ਹੋ ਜਾਣਗੇ। ਇਹ ਦਲੀਲ ਬੜੀ ਅਜੀਬ ਹੈ।

ਪੰਜਾਬੀ ਕੌਮ ਦੀ ਪ੍ਰਫੁਲਤਾ ਲਈ,  ਪੰਜਾਬੀਆਂ ਨੂੰ ਆਪਣੇ ਹੱਕਾਂ ਲਈ, ਆਪਣੇ ਵਜੂਦ ਲਈ, ਆਪਣੀ ਹੋਂਦ ਲਈ ਆਪਸ ਵਿਚ ਇਨ੍ਹਾਂ ਸਾਰਿਆਂ ਮਸਲਿਆਂ ਤੇ ਵਿਚਾਰ ਵਟਾਂਦਰਾ ਅਤੇ ਸਲਾਹ ਕਰਨ ਦੀ ਲੋੜ ਹੈ। ਪੰਜਾਬੀ ਕੌਮ ਦੇ ਮਸਲੇ ਨੂੰ ਅੰਗਰੇਜ਼ਾਂ ਅਤੇ ਉਨ੍ਹਾਂ ਦੇ ਝੋਲੀਚੁਕਾਂ ਨੇ ਬਹੁਤ ਉਲਝਾ ਦਿਤਾ ਹੈ ਜਿਸ ਨਾਲ ਪੰਜਾਬੀ ਕੌਮ ਨੂੰ ਬਹੁਤ ਹੀ ਨੁਕਸਾਨ ਹੋਇਆ ਹੈ। ਸਾਰੇ ਹੀ ਪੰਜਾਬੀਆਂ ਨੂੰ ਪੰਜਾਬੀ ਕੌਮ ਦੇ ਭਵਿਖ ਬਾਰੇ ਆਪਸ ਵਿਚ ਸਲਾਹ ਮਸ਼ਵਰਾ ਕਰਨ ਦੀ ਲੋੜ ਹੈ। ਪੰਜਾਬੀ ਕੌਮ ਦੀ ਖੁਸ਼ਹਾਲੀ ਅਤੇ ਮਾਣ ਦੱਖਣੀ ਏਸ਼ੀਆ ਦੇ ਅਮਨ ਅਤੇ ਸ਼ਾਂਤੀ ਲਈ ਵੀ ਬਹੁਤ ਜ਼ਰੂਰੀ  ਹੈ। ਬਾਹਰਲੇ ਮੁਲਕਾਂ ਵਿਚ ਵਸਦੇ ਪੰਜਾਬੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਵੀ ਇਸ ਬਾਰੇ ਸੋਚਣਾਂ ਬਹੁਤ ਜ਼ਰੁਰੀ ਹੈ।